ੴ ਸਤਿਗੁਰ ਪ੍ਰਸਾਦਿ

ਐਫ. ਆਈ. ਆਰ — 1 ਸਤੰਬਰ 2011

# ਸ਼੍ਰੋਮਣੀ ਕਮੇਟੀ ਦੀ ਚੋਣ ਕਰਨ ਜਾ ਰਹੇ ਸਿੱਖ ਵੋਟਰਾਂ ਦੇ ਨਾਂ ਖੁੱਲ੍ਹਾ-ਖਤ

## ਗੁਰੂਸਵਾਰੇ ਸਿੱਖ ਵੋਟਰੋ, ਫਤਿਹ ਪ੍ਰਵਾਨ ਕਰਨੀ ਜੀ

**ਤੁਹਾਨੂੰ ਸਾਕਾ ਸਰਹੰਦ ਅਤੇ ਸਾਕਾ ਚਮਕੌਰ ਦਾ ਵਾਸਤਾ ਹੈ ਤੁਸੀਂ ਇਸ ਖਤ ਨੂੰ ਪੜ੍ਹ ਕੇ ਇਸ ’ਤੇ ਅਮਲ ਕਰਨ ਦੇ ਨਾਲ ਅੱਗੇ ਹੋਰ ਗੁਰਸਿੱਖਾਂ ਨੂੰ ਇਹ ਪੱਤਰ ਪੜ੍ਹਨ ਵਾਸਤੇ ਪ੍ਰੇਰਨਾ ਕਰਨੀ ਜੀ।**

ਸਰਬੰਸਦਾਨੀ ਦਸਮੇਸ਼ ਪਿਤਾ ਜੀ ਦੇ ਸਾਜੇ ਨਿਵਾਜੇ ਗੁਰੂਰੂਪ ਖਾਲਸਾ ਜੀ 18 ਸਤੰਬਰ 2011 ਨੂੰ ਹੋ ਰਹੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਅਗਰ ਤੁਸੀਂ ਸਹੀ ਫੈਸਲਾ ਲੈਣ ’ਚ ਨਾਕਾਮ ਰਹੇ ਤਾਂ ਖਾਲਸਾ ਪੰਥ ਦੀ ਨਿਆਰੀ ਹਸਤੀ ਨੂੰ ਭਾਰਤੀ ਜੰਗਲ ਦਾ ਬਿੱਪਰਵਾਦੀ ਅਜਗਰ ਇਸ ਵਾਰ ਪੂਰੀ ਤਰ੍ਹਾਂ ਨਿਗਲ ਜਾਵੇਗਾ। ਤੁਹਾਡੀਆਂ ਬਰੂਹਾਂ ’ਤੇ ਪੁੱਜੀਆਂ ਸਿੱਖ ਪਾਰਲੀਮੈਂਟ ਦੀਆਂ ਇਹ ਚੋਣਾਂ ਇਸ ਵਾਰ ਕੌਮ ਦੀ ਕਿਸਮਤ ਦਾ ਹੀ ਨਹੀਂ ਬਲਕਿ ਇਹ ਚੋਣਾਂ ਸਿੱਖ ਕੌਮ ਦੀ ਜ਼ਿੰਦਗੀ ਅਤੇ ਮੌਤ ਦਾ ਸਵਾਲ ਬਣ ਗਈਆਂ ਹਨ। ਬੇਸ਼ੱਕ ਆਰ.ਐਸ.ਐਸ. (ਰਾਸ਼ਟਰੀ ਸਵੈਮ ਸੇਵਕ ਸੰਘ) ਨਾਂ ਦੀ ਕੱਟੜ ਬਿੱਪਰਵਾਦੀ ਜਮਾਤ ਜਿਸ ਨੇ ਭਾਰਤ ਦੇ ਹੋਰ ਦਬੇ-ਕੁਚਲੇ ਸਮਾਜ ਨੂੰ ਆਪਣੇ ਕਲਾਵੇ ਵਿੱਚ ਲੈਣ ਵਾਸਤੇ ਆਪਣਾ ਉਪ ਨਾਮ ਹਿੰਦੂਰੱਖਿਆ ਹੋਇਆ ਹੈ। ਇਹ ਕੱਟੜ ਸਿੱਖ ਵਿਰੋਧੀ ਜਮਾਤ 1984 ਤੋਂ ਬਾਅਦ ਸਾਰੀਆਂ ਸਿਰਮੌਰ ਸਿੱਖ ਸੰਸਥਾਵਾਂ ’ਚ ਘੁਸਪੈਠ ਕਰ ਚੁੱਕੀ ਹੈ ਅਤੇ ਇਸ ਵਾਰ ਇਹ ਜਮਾਤ ਮੁਕੰਮਲ ਤੌਰ ’ਤੇ ਸ਼੍ਰੋਮਣੀ ਕਮੇਟੀ ਤੇ ਆਪਣਾ ਐਲਾਨੀਆ ਕਬਜ਼ਾ ਜਮਾਉਣ ਜਾ ਰਹੀ ਹੈ। 1984 ਵਿੱਚ ਆਰ.ਐਸ.ਐਸ. ਨੇ ਕਾਂਗਰਸ ਸਰਕਾਰ ਦੇ ਜ਼ਰੀਏ ਤੋਪਾਂ, ਟੈਂਕਾਂ ਅਤੇ ਭਾਰਤੀ ਫੌਜਾਂ ਦੀ ਮਦਦ ਨਾਲ ਸਿੱਖ ਸੰਸਥਾਵਾਂ ’ਚ ਦਾਖਲ ਹੋਣ ਲਈ ਰਾਹ ਪੱਧਰਾ ਕੀਤਾ ਸੀ ਅਤੇ 1997 ’ਚ ਆਰ.ਐਸ.ਐਸ. ਨੇ ਅ-ਕਾਲੀ ਦਲ ਬਾਦਲ ਦੇ ਨਾਲ ਭਾਜਪਾ ਦਾ ਅਨੈਤਿਕ ਗੱਠਜੋੜ ਕਰਵਾ ਕੇ ਭਾਰੀ ਸਫਲਤਾ ਹਾਸਲ ਕੀਤੀ ਹੈ। ਅੱਗੇ ਜਾ ਕੇ ਇਸੇ ਗੈਰ ਸਿਧਾਂਤਕ ਗਠਜੋੜ ਨੂੰ ਪ੍ਰਕਾਸ਼ ਸਿਹੁੰ ਬਾਦਲ ਨੇ ਪੂਰੀ ਤਰ੍ਹਾਂ ਸ਼ਰਮ ਲਾਹ ਕੇ ਪਤੀ-ਪਤਨੀ ਦਾ ਦਰਜਾ ਦਿੱਤਾ ਹੈ। ਜਦਕਿ ਪਤੀ-ਪਤਨੀ ਦਾ ਰਿਸ਼ਤਾ ਕਦੇ ਵੀ ਗੈਰ ਸਿਧਾਂਤਕ ਨਹੀਂ ਹੁੰਦਾ। ਪਤੀ-ਪਤਨੀ ਵਰਗੇ ਰਿਸ਼ਤੇ ਬਹੁਤ ਹੀ ਨਾਜ਼ੁਕ ਹੁੰਦੇ ਹਨ, ਜਿਨ੍ਹਾਂ ਦੀ ਸਿਧਾਂਤ ਤੋਂ ਥਿੜਕਦਿਆਂ ਹੀ ਧਾਰਮਿਕ, ਸਮਾਜਿਕ ਅਤੇ ਕਾਨੂੰਨੀ ਤੌਰ ’ਤੇ ਮਾਨਤਾ ਰੱਦ ਹੋ ਜਾਂਦੀ ਹੈ ਕਿਉਂਕਿ ਕਾਨੂੰਨ ਧਰਮ ਅਤੇ ਸਮਾਜ ਦਾ ਸਿਰਫ ਤਰਜਮਾਨ ਹੈ। ਇਸ ਕਸਵੱਟੀ ਅਨੁਸਾਰ ਬਾਦਲ ਦਲ ਅਤੇ ਭਾਜਪਾ ਦੇ ਸਬੰਧ ਪੂਰੀ ਤਰ੍ਹਾਂ ਨਜਾਇਜ ਹਨ। ਦਰਅਸਲ ਬਾਦਲ ਵਰਗੇ ਵਿਕਾਊਲੀਡਰ ਉਨ੍ਹਾਂ ਵੇਸਵਾਵਾਂ ਤੋਂ ਵੀ ਘਟੀਆ ਕਿਰਦਾਰ ਦੇ ਮਾਲਕ ਹਨ ਜੋ ਕਿਸੇ ਮਜਬੂਰੀਵਸ ਆਪਾ ਵੇਚਦੀਆਂ ਹਨ ਪਰ ਉਹ ਵੇਸਵਾਵਾਂ ਇਨ੍ਹਾਂ ਅਖੌਤੀ ਲੀਡਰਾਂ ਤੋਂ ਲੱਖ ਦਰਜੇ ਉਤਮ ਹਨ ਕਿਉਂਕਿ ਉਹ ਕੌਮਾਂ ਦੀ ਇੱਜ਼ਤ ਦਾ ਆਪਣੀਆਂ ਲਾਲਸਾਵਾਂ ਖਾਤਰ ਸੌਦਾ ਨਹੀਂ ਕਰਦੀਆਂ।

ਇਸ ਅਨੈਤਿਕ ਗੱਠਜੋੜ ਤੋਂ ਪਹਿਲਾਂ ਭਾਜਪਾ ਅਤੇ ਕਾਂਗਰਸ ਦੀ ਮਾਂ ਤੇ ਬਾਦਲ ਦੀ ਕਥਿਤ ਸੱਸ ਆਰ.ਐਸ.ਐਸ. ਨੇ 1986 ਵਿੱਚ ਸੈਂਟਰ ਸਰਕਾਰ ਦੀ ਮਦਦ ਨਾਲ ਰਾਸ਼ਟਰੀ ਸਿੱਖ ਸੰਗਤ ਨਾਂ ਦੀ ਕੱਟੜ ਬਿੱਪਰਵਾਦੀ ਹਿੰਦੂਜਥੇਬੰਦੀ ਖੜੀ ਕਰਕੇ ਸਿੱਖ ਸੰਸਥਾਵਾਂ ਵਿੱਚ ਭਾਰੀ ਮੱਕੜਜਾਲ ਵਿਛਾਇਆ ਅਤੇ ਇਸੇ ਹੀ ਰਾਸ਼ਟਰੀ ਸਿੱਖ ਸੰਗਤ ਦੇ ਜ਼ਰੀਏ ਵਿਕਾਊਪ੍ਰਵਿਰਤੀ ਦੇ ਲੇਖਕਾਂ ਨੂੰ ਖਰੀਦ ਕੇ ਜੰਗੀ ਪੱਧਰ ਤੇ ਸਿੱਖ ਇਤਿਹਾਸ ਨੂੰ ਬਦਲਿਆ ਜਾ ਰਿਹਾ ਹੈ। ਇਸੇ ਦੌਰਾਨ ਹੀ ਕਥਿਤ ਸਿੱਖ ਇਤਿਹਾਸ ਨਾਂ ਦੀ ਸਿੱਖ ਵਿਰੋਧੀ ਹਿੰਦੀ ਪੁਸਤਕ ਸ਼੍ਰੋਮਣੀ ਕਮੇਟੀ ਦੀ ਮੋਹਰ ਛਾਪ ਹੇਠ ਛਪਵਾ ਕੇ ਧਾਰਮਿਕ ਤੌਰ ’ਤੇ ਪਰਪੱਕ ਅਤੇ ਸਮਾਜਿਕ ਤੌਰ ’ਤੇ ਪਛੜੇ ਹੋਏ ਸਿੱਖ ਹਲਕਿਆਂ ਵਿੱਚ ਭਾਰੀ ਗਿਣਤੀ ਵਿੱਚ ਮੁਫਤ ਵੰਡੀ ਗਈ ਹੈ। ਇਨ੍ਹਾਂ ਹੀ ਬਿੱਪਰਵਾਦੀ ਜਮਾਤਾਂ ਦੇ ਪ੍ਰਭਾਵ ਹੇਠ ਕਥਿਤ ਸਿੱਖ ਲੇਖਕ ਸਿੱਖ ਧਰਮ ਨੂੰ ਸਰਬ-ਵਿਆਪੀ ਧਰਮ ਕਹਿ ਕੇ ਦੇਸ਼-ਕਾਲ ਦੀਆਂ ਹੱਦਾਂ ’ਚੋਂ ਬਾਹਰ ਕੱਢਣ ਦੀਆਂ ਦਲੀਲਾਂ ਦੇ ਕੇ ਰਾਜਸੀ ਆਧਾਰ ਅਤੇ ਪਿਛੋਕੜ ਵਾਲੀ ਸਿੱਖ ਕੌਮ ਨੂੰ ਟਪੱਰਵਾਸੀ ਬਣਾ ਦੇਣਾ ਚਾਹੁੰਦੇ ਹਨ। ਧਰਮ ਤਾਂ ਹੁੰਦਾ ਹੀ ਸਰਬ-ਵਿਆਪੀ ਹੈ ਪਰ ਉਸ ਦੇ ਅਨੁਯਾਈਆਂ ਦਾ ਜਦ ਤੱਕ ਕਿਤੇ ਪੱਕਾ ਟਿਕਾਣਾ ਨਾ ਹੋਵੇ ਉਹ ਧਰਮ ਨੂੰ ਉਸ ਦੇ ਮੂਲ ਅਰਥਾਂ ਅਨੁਸਾਰ ਪ੍ਰਭਾਸ਼ਿਤ ਕਰਕੇ ਉਸ ਦਾ ਵਿਸ਼ਵ ਪੱਧਰ ਤੇ ਫੈਲਾਅ ਨਹੀਂ ਕਰ ਸਕਦੇ।

ਅਗਰ ਸਿੱਖ ਧਰਮ ਦੇ ਕੋਲ ਆਪਣਾ ਮੂਲ ਖਿੱਤਾ ਪੰਜਾਬ ਨਾ ਰਿਹਾ ਤਾਂ ਸਿੱਖ ਧਰਮ ਦਾ ਹਾਲ ਵੀ ਕੁਰਦਸਤਾਨ ਦੇ ਕੁਰਦਾਂ ਵਰਗਾ ਹੋ ਜਾਵੇਗਾ। ਦੇਸ਼ ਪੰਜਾਬ ਵਾਂਗ ਕੁਰਦਸਤਾਨ ਦੇ ਵੀ ਅਨੇਕਾਂ ਟੁਕੜੇ ਕਰ ਦਿੱਤੇ ਗਏ ਹਨ ਪਰ ਨਵੇਂ ਨਵੇਂ ਟਪੱਰਵਾਸੀ ਬਣੇ ਕੁਰਦਾਂ ਵਿੱਚ ਕੌਮੀ ਜਜ਼ਬਾ ਬਹੁਤ ਹੀ ਭਾਰੂਸੀ। ਉਸ ਪਹਿਲੀ ਪੀੜ੍ਹੀ ਦੇ ਕੁਰਦ ਗੈਰ ਮੁਲਕਾਂ ਵਿੱਚ ਢਾਬਿਆਂ ’ਤੇ ਭਾਂਡੇ ਮਾਂਜਦੇ ਹੋਏ ਵੀ ਕੁਰਦਸਤਾਨ ਦੀ ਬਰਬਾਦੀ ਦੀਆਂ ਜਜ਼ਬਾਤੀ ਗੱਲਾਂ ਕਰਕੇ ਇੱਕ ਲੋਕ ਲਹਿਰ ਖੜ੍ਹੀ ਕਰਨ ਦੇ ਰੋਹ ’ਚ ਰਹਿੰਦੇ ਸਨ। ਇਹ ਜਜ਼ਬਾ ਕੁਰਦਾਂ ਵਿੱਚ ਤਿੰਨ ਕੁ ਪੀੜ੍ਹੀਆਂ ਤੱਕ ਕਾਇਮ ਰਿਹਾ। ਉਸ ਤੋਂ ਬਾਅਦ ਸਹਿਜੇ-ਸਹਿਜੇ ਕੁਰਦ ਲੋਕ ਆਜ਼ਾਦੀ ਦੇ ਸੁਪਨੇ ਲੈਣੇ ਵੀ ਛੱਡ ਕੇ ਸਿਰਫ ਆਪਣਾ ਜੀਵਨ ਨਿਰਵਾਹ ਕਰਨ ’ਚ ਰੁਝ ਗਏ ਹਨ। ਕਿਸੇ ਵੀ ਕੌਮ ਦੇ ਆਦਰਸ਼ ਜੀਵਨ ਤੱਤ ਉਸ ਕੌਮ ਦੀ ਆਪਣੀ ਜਨਮ ਅਤੇ ਕਰਮ ਭੂਮੀ ਵਿੱਚ ਮੌਜੂਦ ਹੁੰਦੇ ਹਨ। ਇਸ ਤਰ੍ਹਾਂ ਦੁਨੀਆਂ ਦੇ ਵਿਲੱਖਣ ਸਿੱਖ ਇਤਿਹਾਸ ਦੀ ਮਹਿਕ ਪੰਜਾਬ ਦੀ ਮਿੱਟੀ ਸਮੇਤ ਪੰਜਾਬ ਦੀਆਂ ਫਿਜ਼ਾਵਾਂ ’ਚ ਸਮੋਈ ਹੋਈ ਹੈ। ਇਸੇ ਲਈ ਹੀ ਪੰਜਾਬ ਨੂੰ ਵਾਰ-ਵਾਰ ਵੱਢਿਆ-ਟੁੱਕਿਆ ਗਿਆ ਹੈ। ਪਰ ਇਸ ਮੂਲ ਸਚਾਈ ਤੋਂ ਮੂੰਹ ਫੇਰ ਕੇ ਸਿੱਖ ਵਿਦਵਾਨ ਕਹਾਉਂਦੇ ਲੋਕ ਸਾਨੂੰ ਕਿਉਂ ਅਜਿਹੀਆਂ ਬੇਤੁਕੀਆਂ ਸਲਾਹਾਂ ਦੇਣ ਲੱਗ ਪਏ ਹਨ ਕਿ ਅਸੀਂ ਆਪਣੇ ਧਰਮ ਨੂੰ ਰੇਹੜੇ ’ਤੇ ਲੱਦ ਕੇ ਦੁਨੀਆਂ ਦਾ ਚੱਕਰ ਕੱਟਣ ਨਿਕਲ ਜਾਈਏ। ਪਰ ਸਾਰੀਆਂ ਵਿਰੋਧੀ ਤੇ ਹਮਾਇਤੀ ਧਿਰਾਂ ਸਾਡਾ ਵੀ ਐਲਾਨ ਸੁਣ ਲੈਣ ਅਸੀਂ ਸਿੱਖ ਕੌਮ ਅਤੇ ਆਪਣੇ ਦੇਸ਼ ਪੰਜਾਬ ਦੀ ਆਜ਼ਾਦੀ ਲਈ ਉਦੋਂ ਤੱਕ ਸੰਘਰਸ਼ ਕਰਾਂਗੇ ਜਦੋਂ ਤੱਕ ਸਾਡੇ ਆਕਾਸ਼ ’ਤੇ ਸੂਰਜ ਚਮਕਦਾ ਹੈ। ਸਾਡਾ ਪੱਖ ਬਹੁਤ ਹੀ ਮਜ਼ਬੂਤ ਹੈ ਕਿਉਂਕਿ 1849 ਵਿੱਚ ਅੰਗਰੇਜ਼ਾਂ ਨੇ ਪੰਜਾਬ ਦਾ ਕਬਜ਼ਾ ਸਾਡੇ ਤੋਂ ਲਿਆ ਸੀ। ਬਿਨਾਂ ਕਿਸੇ ਸਥਾਈ ਟਿਕਾਣੇ ਤੋਂ ਕੋਈ ਵੀ ਕੌਮ ਦੁਨੀਆਂ ਵਿੱਚ ਧਿਰ ਨਹੀਂ ਬਣ ਸਕਦੀ। ਨਾ ਤਾਂ ਸਾਡੇ ਨਵ ਜਨਮੇ ਇਤਿਹਾਸਕਾਰ ਬੁਨਿਆਦੀ ਤੌਰ ’ਤੇ ਖਾਲਸੇ ਦੀ ਵੱਖਰੀ ਹੋਂਦ ਹਸਤੀ

ਦੇ ਜਾਮਨ ਅਕਾਲ ਤਖਤ ਦੀ ਸਥਾਈ ਹੋਂਦ ਨੂੰ ਸਵੀਕਾਰਦੇ ਹਨ।ਅਤੇਇਨ੍ਹਾਂ ਕੱਚ-ਘੜੱਚ ਵਿਦਵਾਨਾਂ ਨੇ ਬਹੁਤ ਹੀ ਗੁੰਝਲਦਾਰ ਲਫਜ਼ਾਂ ਦਾ ਭਗਾਨਾ ਬਣਾ ਕੇ ਅਕਾਲ ਤਖਤ ਨੂੰ ਹਵਾ 'ਚ ਛੱਡ ਦਿੱਤਾ ਹੈ। ਇਹ ਹਨ ਹਿੰਦੁਸਤਾਨੀ ਹਾਕਮਾਂ ਦੀਆਂ ਵੱਡੀਆਂ ਸਾਜਸ਼ਾਂ ਦੀਆਂ ਵੱਡੀਆਂ ਸਫਲਤਾਵਾਂ। ਸਾਡੇ ਮੀਰੀ-ਪੀਰੀ ਦੇ ਸਾਂਝੇ ਮੰਚ ਗੁਰਦੁਆਰਿਆਂ 'ਤੇ ਬਿੱਪਰਵਾਦੀ ਕਾਬਜ਼ ਤਾਂ ਹੋ ਚੁੱਕੇ ਹਨ ਪਰ ਸ਼੍ਰੋਮਣੀ ਕਮੇਟੀ ਚੋਣਾਂ ਤੋਂ ਬਾਅਦ ਐਲਾਨ ਹੋਣਾ ਬਾਕੀ ਹੈ। ਇਸ ਵਾਰ ਕੱਟੜ ਹਿੰਦੂ ਜਮਾਤ ਭਾਜਪਾ ਦੇ ਰੱਥ ਤੇ ਅ-ਕਾਲੀ ਦਲ ਬਾਦਲ ਬੈਠਾ ਹੈ ਅਤੇ ਕਾਂਗਰਸ ਦੇ ਯੱਕੇ ਤੇ ਪੰਥਕ ਮੋਰਚਾ ਸਵਾਰ ਹੋ ਕੇ ਵਾਹੋਦਾਹੀ ਦੋਹਾਂ ਵਿਰੋਧੀ ਦਲਾਂ ਦੇ ਰੱਥ ਭੇਖੀ ਸਿੱਖਾਂ ਨੂੰ ਮੂਹਰੇ ਲਗਾ ਕੇ ਸਿੱਖ ਪਾਰਲੀਮੈਂਟ ਤੇ ਕਬਜ਼ਾ ਜਮਾਉਣ ਜਾ ਰਹੇ ਹਨ। ਸਾਵਧਾਨ ਸਿੱਖ ਵੋਟਰੋ ਕਾਲੀ ਦਲ ਬਾਦਲ ਦੇ ਜ਼ਰੀਏ ਤੁਹਾਡੀ ਵੱਖਰੀ ਪਛਾਣ ਅਤੇ ਹਸਤੀ ਦੇ ਪ੍ਰਤੀਕ ਖਾਲਸਾਈ ਝੰਡਿਆਂ ਦਾ ਰੰਗ ਬਦਲਣ ਦੇ ਨਾਲ ਖਾਲਸਾਈ ਨਿਸ਼ਾਨ ਤੇ ਲੱਗੇ ਸਿੱਖ ਸੰਘਰਸ਼ ਅਤੇ ਸੂਰਵੀਰਤਾ ਦੀ ਬੁਲੰਦ ਗਵਾਹੀ ਭਰਦੇ ਖੰਡੇ ਉਤਾਰ ਕੇ ਤੁਹਾਡੇ ਨਿਸ਼ਾਨ ਸਾਹਿਬ ਤੇ ਹਲ੍ਹਾਂ ਦੇ ਫਾਲ੍ਹੇ ਲਗਾ ਦਿੱਤੇ ਗਏ ਹਨ। ਕੀ ਤੁਸੀਂ 1984 ਤੋਂ ਬਾਅਦ ਆਪਣੀਆਂ ਧੌਣਾਂ ਚੁੱਕ ਕੇ ਕਦੇ ਉੱਪਰ ਨਜ਼ਰ ਮਾਰੀ ਹੈ? ਤੁਸੀਂ ਸੱਚਮੁਚ ਹਿੰਦ ਸਰਕਾਰ ਦੇ ਗੁਲਾਮ ਹੋ ਗਏ ਹੋ। ਇਸ ਵਾਸਤੇ ਤੁਹਾਡੀ ਹਰ ਪਛਾਣ ਨੂੰ ਖਤਮ ਕੀਤਾ ਜਾ ਰਿਹਾ ਹੈ। ਸਾਡੇ ਗੁਰੁਸਵਾਰਿਓ ਕੱਟੜ ਅਤੇ ਸਾਜਸ਼ੀ ਬਿੱਪਰਾਂ ਨੇ ਤੁਹਾਡਾ ਸਾਂਝੀਵਾਲਤਾ ਦਾ ਜਾਮਨ ਇਕ ਗ੍ਰੰਥ ਅਤੇ ਇੱਕ ਪੰਥ ਵੀ ਨਹੀਂ ਰਹਿਣ ਦਿੱਤਾ। ਬਹੁਤ ਸਾਰੇ ਸਿਆਸੀ ਅਸਰ ਰਸੂਖ ਵਾਲੇ ਭੇਖੀ ਸਿੱਖ ਬਾਬਿਆਂ ਦੇ ਡੇਰਿਆਂ 'ਚ ਬਚਿੱਤਰ ਨਾਟਕ ਦਾ ਨਾਮ ਦਸਮ ਗ੍ਰੰਥ ਰੱਖ ਕੇ ਗੁਰੂਗ੍ਰੰਥ ਸਾਹਿਬ ਦੇ ਇੱਕ ਪਾਸੇ ਰੱਖਿਆ ਗਿਆ ਹੈ ਅਤੇ ਦੂਜੇ ਪਾਸੇ ਸਰਬ ਲੋਹ ਨਾਂ ਦਾ ਫਰਜ਼ੀ ਗ੍ਰੰਥ ਰੱਖ ਕੇ ਗੁਰੂਗ੍ਰੰਥ ਸਾਹਿਬ ਦੀ ਗੁਰਿਆਈ ਨੂੰ ਚੁਨੌਤੀ ਦਿੱਤੀ ਜਾ ਰਹੀ ਹੈ। ਇਸੇ ਤਰ੍ਹਾਂ ਕਈ ਗੁਰਦੁਆਰਿਆਂ 'ਚ ਹਿੰਦੂਦੇਵੀ ਦੇਵਤਿਆਂ ਦੀਆਂ ਮੂਰਤੀਆਂ ਰੱਖ ਦਿੱਤੀਆਂ ਗਈਆਂ ਹਨ ਅਤੇ ਇਨ੍ਹਾਂ ਡੇਰਾਨੁਮਾ ਗੁਰਦੁਆਰਿਆਂ 'ਚ ਹਵਨ ਕੁੰਢ ਬਣਾ ਕੇ ਸਵੇਰੇ-ਸ਼ਾਮ ਹਵਨ ਕਰਨ ਦੇ ਨਾਲ ਹਨੂਮਾਨ ਚਾਲੀਸੇ ਵੀ ਪੜ੍ਹੇ ਜਾਂਦੇ ਹਨ। ਇਨ੍ਹਾਂ ਡੇਰਿਆਂ 'ਚ ਨਿਤਨੇਮ ਦੀਆਂ ਬਾਣੀਆਂ ਵੀ ਬਦਲ ਦਿੱਤੀਆਂ ਗਈਆਂ ਹਨ। ਕੁੱਝ ਡੇਰਿਆਂ ਵਿੱਚ ਨਿਤਨੇਮ ਦੀਆਂ ਪੋਥੀਆਂ ਦੀ ਥਾਂ ਇੱਕ, ਮਾਤਰਾ ਸਾਹਿਬ ਨਾਂ ਦਾ ਛੋਟਾ ਜਿਹਾ ਕਿਤਾਬਚਾ ਪ੍ਰਚੱਲਿਤ ਕਰ ਦਿੱਤਾ ਗਿਆ ਹੈ, ਜਿਸ ਵਿੱਚ ਗੁਰਬਾਣੀ ਦਾ ਇੱਕ ਅੱਖਰ ਵੀ ਦਰਜ ਨਹੀਂ ਹੈ। ਚੰਡੀਗੜ੍ਹ, ਸਾਹਿਬਜਾਦਾ ਅਜੀਤ ਸਿੰਘ ਨਗਰ ਅਤੇ ਇਸ ਦੇ ਆਸ-ਪਾਸ ਦੇ ਪਿੰਡਾਂ ਵਿੱਚ ਤਾਂ ਸ਼ਹੀਦਾਂ ਦੇ ਨਾਂ ਤੇ ਵੱਡੇ-ਵੱਡੇ ਸਮਾਧੇ ਬਣਾ ਕੇ ਉਨ੍ਹਾਂ ਉੱਪਰ ਗੁਰੂਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ ਤਾਂ ਆਮ ਜਿਹੀ ਗੱਲ ਹੈ। ਇਨ੍ਹਾਂ ਸਮਾਧੀਆਂ ਵਾਲੇ ਗੁਰਦੁਆਰਿਆਂ 'ਚ ਸ਼ਹੀਦਾਂ ਦੀਆਂ ਖੜਾਵਾਂ ਰੱਖੀਆਂ ਜਾਦੀਆਂ ਹਨ। ਜਦਕਿ ਕੋਈ ਵੀ ਸੰਘਰਸ਼ਸ਼ੀਲ ਵਿਅਕਤੀ ਖੜਾਵਾਂ ਦਾ ਇਸਤੇਮਾਲ ਨਹੀਂ ਕਰ ਸਕਦਾ। ਇਹ ਖੜਾਵਾਂ ਤਾਂ ਡੇਰਿਆਂ 'ਚ ਰਹਿ ਕੇ ਵਿਹਲੀਆਂ ਖਾਣ ਵਾਲੇ ਸਾਧਾਂ ਵਾਸਤੇ ਹਨ। ਸਿੱਖ ਕੌਮ ਵਿੱਚ ਇਹ ਨਿਘਾਰ ਪ੍ਰਕਾਸ਼ ਸਿਹੁੰ ਬਾਦਲ ਵੱਲੋਂ ਭਾਜਪਾ ਨਾਲ ਵਿਆਹ ਕਰਵਾਉਣ ਤੋਂ ਬਾਅਦ ਆਇਆ ਹੈ। ਬਾਦਲ ਵਰਗੇ ਅਖੌਤੀ ਆਗੂਆਂ ਦੀਆਂ ਦਾਹੜੀਆਂ ਅਤੇ ਕਾਲੀਆਂ ਕਰਤੂਤਾਂ ਵੇਖ ਕੇ ਸਿੱਖ ਬੱਚੇ ਧਰਮ ਤੋਂ ਦੂਰ ਚਲੇ ਗਏ ਹਨ। ਗੁਰੂਆਂ ਦੀ ਧਰਤੀ ਪੰਜਾਬ ਦੇ ਹਰ ਗਲੀ ਮੁਹੱਲੇ 'ਚ ਸ਼ਰਾਬ ਦੇ ਠੇਕੇ ਖੋਲ੍ਹ ਦਿੱਤੇ ਗਏ ਹਨ ਅਤੇ ਸਰਕਾਰ ਦੀ ਸ਼ਹਿ ਤੇ ਸਮੈਕ ਵਰਗੇ ਨਾਮੁਰਾਦ ਨਸ਼ੇ ਖੁੱਲੇਆਮ ਵਿਕ ਰਹੇ ਹਨ। ਮੁੱਕਦੀ ਗੱਲ ਕਿ ਬਾਦਲ ਪਿੰਡ ਦੇ ਪਾਸ਼ੇ ਦਾ ਭਾਜਪਾ ਨਾਲ ਸਮਲਿੰਗੀ ਵਿਆਹ ਪੰਥ ਅਤੇ ਪੰਜਾਬ ਦੀ ਬਰਬਾਦੀ ਦਾ ਕਾਰਨ ਬਣ ਗਿਆ ਹੈ। ਇਸ ਅਨੈਤਿਕ ਰਿਸ਼ਤੇ ਨੇ ਚੌਥਾ ਹਿੱਸਾ ਰਹਿ ਗਏ ਪੰਜਾਬ ਨੂੰ ਭਈਆਂ ਦੀ ਛਾਉਣੀ ਵਿੱਚ ਤਬਦੀਲ ਕਰ ਦਿੱਤਾ ਹੈ। ਜਿਸ ਨਾਲ ਪੰਜਾਬ ਦੀ ਆਬਾਦੀ ਸਮੇਤ ਪੰਜਾਬ ਦਾ ਸਭਿਆਚਾਰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਭਈਆਂ ਦੀ ਇਸੇ ਵਾਨਰ ਸੈਨਾ ਨੇ 1984 ਵਿੱਚ ਪੂਰੇ ਮੁਲਕ 'ਚ ਸਿੱਖਾਂ ਨੂੰ ਲੁੱਟਿਆ-ਕੁੱਟਿਆ ਅਤੇ ਜਿਉਂਦੇ ਸਾੜਨ ਦੇ ਨਾਲ ਉਨ੍ਹਾਂ ਦੀਆਂ ਇੱਜ਼ਤਾਂ ਲੁੱਟੀਆਂ ਪਰ ਬੇਗੈਰਤ ਪਾਸ਼ੇ ਨੇ ਸਿੱਖ ਕੌਮ ਨੂੰ ਹੁਣ ਪੰਜਾਬ 'ਚ ਵੀ ਸੁਰੱਖਿਅਤ ਨਹੀਂ ਰਹਿਣ ਦਿੱਤਾ। ਇਸ ਤੋਂ ਇਲਾਵਾ ਇੱਕ ਵੱਡੀ ਸਾਜਸ਼ ਦੇ ਤਹਿਤ ਪੰਜਾਬ ਵਿੱਚ ਘਰ-ਘਰ ਅੰਦਰ ਨਾਈਆਂ ਤੋਂ ਵੀ ਵੱਧ ਬਿਊਟੀ ਪਾਰਲਰਾਂ ਦੇ ਨਾਂ ਤੇ ਨੈਣਾਂ ਦੀਆਂ ਦੁਕਾਨਾਂ ਖੁਲਵਾ ਦਿੱਤੀਆਂ ਗਈਆਂ ਹਨ, ਜਿਨ੍ਹਾਂ ਨੇ ਸਿੱਖ ਮਰਦਾਂ ਤੋਂ ਵੀ ਵੱਧ ਸਿੱਖ ਬੀਬੀਆਂ ਦਾ ਬੀਜ ਨਾਸ਼ ਕਰ ਦਿੱਤਾ ਹੈ। ਬੇਸ਼ੱਕ ਟਾਵੇਂ-ਟਾਵੇਂ ਸਿੱਖ ਮਰਦ ਤਾਂ ਅਜੇ ਸਾਬਤ ਸੂਰਤ ਮਿਲ ਜਾਣਗੇ ਪਰ ਸਿੱਖ ਬੀਬੀਆਂ ਸਾਬਤ ਸੂਰਤ ਵੇਖਣ ਲਈ ਤੁਹਾਨੂੰ ਪੂਰੇ ਸ਼ਹਿਰ ਜਾਂ ਪਿੰਡ ਦਾ ਚੱਕਰ ਕੱਟਣਾ ਪਵੇਗਾ। ਜਿਸ ਕੌਮ ਦੀ ਮਾਂ ਹੀ ਪਤਿਤਪੁਣੇ ਦੀਆਂ ਲਹਿਰਾਂ ਵਿੱਚ ਗਵਾਚ ਗਈ ਹੈ, ਉਸ ਕੌਮ ਨੂੰ ਹੋਰ ਕਿਹੜਾ ਮਲਾਹ ਇਸ ਮੱਝਧਾਰ ਵਿੱਚੋਂ ਬਾਹਰ ਕੱਢੇਗਾ?

ਇਸ ਪਤਿਤਪੁਣੇ ਦੀ ਲਹਿਰ ਦੇ ਚਲਦਿਆਂ ਕਥਿਤ ਸਹਿਜਧਾਰੀ ਫੈਡਰੇਸ਼ਨ ਦੇ ਪ੍ਰਧਾਨ ਡਾ. ਪਰਮਜੀਤ ਸਿੰਘ ਰਾਣੂਵੀ ਬਲਦੀ ਅੱਗ 'ਤੇ ਆਪਣਾ ਕਬਾਬ ਭੁੰਨਣ ਵਾਸਤੇ ਆ ਗਏ ਹਨ। ਡਾ. ਰਾਣੂਵਰਗੇ ਵਿਅਕਤੀ ਜੋ ਅਜੇ ਤੱਕ ਸਿੱਖ ਹੀ ਨਹੀਂ ਬਣ ਸਕੇ, ਉਹ ਧਰਮ ਦੀ ਸਭ ਤੋਂ ਉਤਮ ਪਦਵੀ ਦੇ ਦਾਅਵੇਦਾਰ ਹਨ ਭਾਵ ਕਾਦਰ ਦੀ ਕੁਦਰਤ ਤੋਂ ਵੀ ਮੁਨਕਰ ਹੋਏ ਲੋਕ ਜੋ ਆਪਣੀ ਦਾਹੜੀ ਸਿਰ ਮੁਨਵਾ ਕੇ ਅਕਾਲ ਪੁਰਖ ਵੱਲੋਂ ਕੀਤੀ ਗਈ ਸਿਰਜਣਾ 'ਚ ਨੁਕਸ ਕੱਢਣ ਦੇ ਵੱਡੇ ਅਪਰਾਧੀ ਹਨ। ਉਹ ਸਰਕਾਰੀ ਸ਼ਹਿ ਤੇ ਸਿਆਸੀ ਸਰਗਰਮੀਆਂ 'ਚ ਮਸ਼ਰੂਕ ਹੋ ਕੇ ਸਹਿਜਧਾਰੀ ਬਣ ਬੈਠੇ ਹਨ। ਸਹਿਜ ਅਵਸਥਾ 'ਚ ਪੁੱਜ ਕੇ ਤਾਂ ਆਦਰਸ਼ ਪੁਰਖ ਖੋਪੜੀਆਂ ਲੁਹਾ ਕੇ ਵੀ ਮੁਸਕਰਾ ਛੱਡਦੇ ਹਨ ਅਤੇ ਤੱਤੀਆਂ ਤਵੀਆਂ ਦਾ ਸੇਕ ਵੀ ਉਨ੍ਹਾਂ ਸਹਿਜਧਾਰੀਆਂ ਦੇ ਤੇਜ਼ ਦੇ ਅੱਗੇ ਮੱਧਮ ਪੈ ਜਾਂਦਾ ਹੈ। ਇਸ ਤੋਂ ਇਲਾਵਾ ਸਿੱਖ ਕੌਮ ਵਿੱਚ ਭਾਈ ਕਾਹਨ ਸਿੰਘ ਨਾਭਾ ਅਨੁਸਾਰ ਇੱਕ ਸਹਿਜਧਾਰੀ ਵਰਗ ਉਹ ਹੈ ਜੋ ਪੰਜ ਕਕਾਰਾਂ ਦਾ ਧਾਰਨੀ ਨਹੀਂ ਬਣ ਸਕਿਆ ਭਾਵ ਜਿਸ ਨੇ ਅਜੇ ਖੰਡੇ ਦੀ ਪਾਹੁਲ ਨਹੀਂ ਪ੍ਰਾਪਤ ਕੀਤੀ ਪਰ ਉਹ ਸਾਬਤ ਸੂਰਤ ਹੈ। ਗੁਰੂਗ੍ਰੰਥ ਸਾਹਿਬ ਅਤੇ ਪੰਥਕ ਰਹਿਤ ਮਰਿਆਦਾ ਵਿੱਚ ਪੂਰਨ ਭਰੋਸਾ ਰੱਖਦਾ ਹੈ। ਜ਼ਿਆਦਾ ਤੌਰ ਤੇ ਇਸ ਪ੍ਰਕਿਰਿਆ ਵਿੱਚ ਸਿੱਖ ਬੱਚੇ ਸ਼ਾਮਲ ਹੁੰਦੇ ਹਨ, ਜਿਨ੍ਹਾਂ ਨੇ ਅਜੇ ਅੰਮ੍ਰਿਤ ਛਕਣਾ ਹੁੰਦਾ ਹੈ।

ਭਾਰਤੀ ਰਾਜਨੀਤੀ ਅਤੇ ਸਿੱਖ ਲੀਡਰਾਂ 'ਚ ਆਏ ਨਿਘਾਰ ਦੇ ਕਾਰਨ ਸਿੱਖ ਕੌਮ ਦਾ ਚਰਿੱਤਰ ਇੰਨਾ ਬੇ-ਪਛਾਣ ਹੋ ਗਿਆ ਹੈ ਕਿ ਸਿੱਖ ਧਰਮ ਦੇ ਖੇਤਰ ਵਿੱਚ ਵਿਚਰ ਰਹੇ ਵਿਅਕਤੀਆਂ ਦੀ ਪਛਾਣ ਕਰਨੀ ਹੀ ਮੁਸ਼ਕਿਲ ਹੋ ਗਈ ਹੈ। ਇਸ ਵਾਰ ਸ਼੍ਰੋਮਣੀ ਕਮੇਟੀ ਦੀਆਂ ਹੋ ਰਹੀਆਂ ਚੋਣਾਂ ਵਿੱਚ ਚੰਡੀਗੜ੍ਹ 'ਚ ਭਾਗ ਲੈਣ ਆਏ ਮਨਵਿੰਦਰ ਸਿੰਘ ਗਿਆਸਪੁਰਾ ਜੋ ਪਹਿਲੀ ਵਾਰ ਹੋਂਦ-ਚਿੱਲੜ ਕਾਂਡ ਦੇ ਖੰਡਰਾਤਾਂ ਨੂੰ ਪ੍ਰਗਟ ਕਰਕੇ ਪਰਦੇ ਤੇ ਆਏ ਸਨ, ਦਾ ਸਿੱਖੀ ਪ੍ਰਤੀ ਹੇਜ ਵੀ ਉਜਾਗਰ ਹੋ ਗਿਆ ਹੈ। ਮਨਵਿੰਦਰ ਸਿੰਘ ਗਿਆਸਪੁਰਾ ਨੇ ਆਪਣਾ ਸਬੰਧਤ ਇਲਾਕਾ ਲੁਧਿਆਣਾ ਛੱਡ ਕੇ ਚੰਡੀਗੜ੍ਹ ਤੋਂ ਨਾਮਜ਼ਦਗੀ ਫਾਰਮ ਭਰਨ ਤੋਂ ਬਾਅਦ ਮੇਰੇ ਨਾਲ ਸੰਪਰਕ ਕਰਕੇ ਚੋਣ ਮੁਹਿਮ ਚਲਾਉਣ ਲਈ ਮਦਦ ਮੰਗੀ ਸੀ ਅਤੇ ਮੈਂ ਨਾ ਚਾਹੁੰਦੇ ਹੋਏ ਵੀ ਗਿਆਸਪੁਰਾ ਨੂੰ ਇੱਕ ਚੰਗੇ ਇਖਲਾਕ ਅਤੇ ਜਜ਼ਬਾਤ ਵਾਲਾ ਸਿੱਖ ਨੌਜਵਾਨ ਸਮਝ ਕੇ ਉਸ ਦਾ ਸਾਥ ਦੇਣ ਦਾ ਇਕਰਾਰ ਕਰ ਲਿਆ ਅਤੇ ਉਸ ਦੀ ਇਸ ਇਲਾਕੇ 'ਚ ਹੋਰ ਵੀ ਜਾਣ-ਪਛਾਣ ਕਰਵਾਈ। ਜਦਕਿ ਉਸ ਵਕਤ

ਚੰਡੀਗੜ੍ਹ ਤੋਂ ਹੀ ਸ਼੍ਰੋਮਣੀ ਕਮੇਟੀ ਮੈਂਬਰ ਸ. ਗੁਰਪ੍ਰਤਾਪ ਸਿੰਘ ਰਿਆੜ ਚੋਣ ਮੈਦਾਨ ਵਿੱਚ ਸਨ, ਜਿਨ੍ਹਾਂ ’ਤੇ ਮੈਂ ਵੱਡੇ ਭਰਾਵਾਂ ਵਾਂਗ ਮਾਣ ਰੱਖਦੀ ਹਾਂ। ਸ. ਗੁਰਪ੍ਰਤਾਪ ਸਿੰਘ ਨੇ ਮੇਰੀ ਪੰਥਕ ਮਸਲਿਆਂ ਵਿੱਚ ਕਈ ਵਾਰ ਮਦਦ ਕੀਤੀ ਹੈ। ਇਸ ਦੇ ਬਾਵਜੂਦ ਵੀ ਮੈਂ ਇੱਕ ਪੰਥਕ ਜਜ਼ਬੇ ਵਾਲੇ ਨੌਜਵਾਨ ਦਾ ਹੌਸਲਾ ਬਣਾਈ ਰੱਖਣ ਲਈ ਆਪਣੇ ਵੱਡੇ ਭਰਾ ਦੇ ਮੁਕਾਬਲੇ ’ਚ ਖਲੋਣ ਦਾ ਫੈਸਲਾ ਲਿਆ ਪਰ ਮਨਵਿੰਦਰ ਸਿੰਘ ਗਿਆਸਪੁਰਾ ਨੇ ਪੰਥਕ ਵਿਰੋਧੀ ਕਾਰਵਾਈਆਂ ’ਚ ਸ਼ਾਮਲ ਗੁਰਨਾਮ ਸਿੰਘ ਸਿੱਧੂਦੇ ਹੱਕ ਵਿੱਚ ਬਿਨਾਂ ਸ਼ਰਤ ਆਪਣਾ ਨਾਮ ਵਾਪਸ ਲੈ ਕੇ ਮੇਰੇ ਵਿਸ਼ਵਾਸ ਨੂੰ ਜੋ ਸੱਟ ਮਾਰੀ ਹੈ, ਉਸ ਦੀ ਪੂਰਤੀ ਮੇਰੇ ਰਹਿੰਦੇ ਜੀਵਨ ’ਚ ਨਹੀਂ ਹੋ ਸਕਦੀ। ਗਿਆਸਪੁਰਾ ਮੇਰੇ ਜੀਵਨ ਦਾ ਆਖਰੀ ਵਿਸ਼ਵਾਸਪਾਤਰ ਸੀ। ਇਸ ਤੋਂ ਪਹਿਲਾਂ ਵੀ ਮੈਂ ਆਪਣੇ ਜੀਵਨ ਵਿੱਚ ਅਜਿਹੀਆਂ ਅਨੇਕਾਂ ਸੱਟਾਂ ਖਾਦੀਆਂ ਹਨ। ਇਸੇ ਦੌਰਾਨ ਮੈਂ ਮਨਵਿੰਦਰ ਸਿੰਘ ਗਿਆਸਪੁਰਾ ਦੇ ਧਿਆਨ ਵਿੱਚ 39 ਸੈਕਟਰ ਚੰਡੀਗੜ੍ਹ ਦਾ ਉਹ ਗੁਰਦਾਵਰਾ ਲਿਆਂਦਾ ਸੀ ਜਿਸ ਤੇ ਕਦੇ ਨਕਲੀ ਨਿਹੰਗ ਪੂਹਲੇ ਦਾ ਕਬਜ਼ਾ ਹੁੰਦਾ ਸੀ। ਜਿਸ ਗੁਰਦਵਾਰੇ ਨੂੰ ਨਾਮਧਾਰੀ ਤੋਂ ਨਿਹੰਗ ਬਣੇ ਪੂਹਲੇ ਤੋਂ ਮਾਝਾ ਐਕਸ ਸਰਵਿਸਮੈਨ ਫਰੰਟ ਦੇ ਮੁਖੀ ਕਰਨਲ ਸੰਧੂਵੱਲੋਂ ਕਥਿਤ ਤੌਰ ਤੇ ਆਜ਼ਾਦ ਕਰਵਾ ਕੇ ਇੱਕ ਪੰਥ ਵਿਰੋਧੀ ਅਤੇ ਮਨਮਤੀ ਡੇਰੇ ਗੋਬਿੰਦ ਸਦਨ ਦਿੱਲੀ ਦੇ ਸਰਕਾਰੀ ਸਾਧ ਵਿਰਸਾ ਸਿਹੁੰ ਦੇ ਹਵਾਲੇ ਕਰ ਦਿੱਤਾ ਗਿਆ ਸੀ, ਜਿੱਥੇ ਗੁਰੂਗ੍ਰੰਥ ਸਾਹਿਬ ਦੇ ਬਰਾਬਰ ਬਚਿੱਤਰ ਨਾਟਕ ਗ੍ਰੰਥ ਅਤੇ ਸ੍ਰੀ ਚੰਦ ਦੀਆਂ ਨੰਗੀਆਂ ਮੂਰਤੀਆਂ ਦੀ ਵੀ ਸਥਾਪਨਾ ਕੀਤੀ ਗਈ ਹੈ ਅਤੇ ਇਸ ਗੁਰਦਵਾਰੇ ਦੇ ਮੁੱਖ ਦੁਆਰ ਦੇ ਅੱਗੇ ਹਵਨ ਕੁੰਡ ਵੀ ਪੱਕਾ ਬਣਿਆ ਹੋਇਆ ਹੈ। ਜਿੱਥੇ ਕਈ-ਕਈ ਘੰਟੇ ਸਵੇਰੇ-ਸ਼ਾਮ ਹਵਨ ਕਰਨ ਦੇ ਨਾਲ ਹਨੂਮਾਨ ਚਾਲੀਸੇ ਵੀ ਪੜ੍ਹੇ ਜਾਂਦੇ ਹਨ। ਇਸ ਡੇਰੇ ਨੇ ਮਾਤਰਾ ਸਾਹਿਬ ਨਾਮ ਦਾ ਆਪਣਾ ਵੱਖਰਾ ਨਿਤਨੇਮ ਬਣਾਇਆ ਹੋਇਆ ਹੈ। ਇਹ ਕਿਤਾਬਚਾ ਸੰਗਤਾਂ ਵਿੱਚ ਮੁਫਤ ਵੰਡਿਆ ਜਾਂਦਾ ਹੈ। ਇਸੇ ਮਨਮਤੀ ਅੱਡੇ ਦਾ ਸਰਗਰਮ ਮੈਂਬਰ ਗੁਰਨਾਮ ਸਿੰਘ ਸਿੱਧੂਪਵਨ ਬਾਂਸਲ ਵੱਲੋਂ ਸ਼੍ਰੋਮਣੀ ਕਮੇਟੀ ਦਾ ਉਮੀਦਵਾਰ ਹੈ। ਯਾਦ ਰਹੇ ਕਿ ਪਹਿਲੇ ਇਸ ਗੁਰਦਵਾਰੇ ਦਾ ਨਾਮ ਗੁਰੂ ਨਾਨਕ ਸਾਗਰ ਸੀ। ਜਿਸ ਉੱਤੇ ਹੁਣ ਸ੍ਰੀ ਚੰਦ ਦਾ ਨਾਮ ਸਾਫ ਲਿਖਿਆ ਹੋਇਆ ਹੈ। ਇਸ ਗੁਰਦਵਾਰੇ ਦੀ ਹੋ ਰਹੀ ਦੁਰਦਸ਼ਾ ਦੇਖ ਕੇ ਐਕਸ ਸਰਵਿਸਮੈਨ ਫਰੰਟ ਦੇ ਮੁਖੀ ਕਰਨਲ ਸੰਧੂਦਾ ਵੀ ਕਿਰਦਾਰ ਸ਼ੱਕੀ ਜਾਪਦਾ ਹੈ ਕਿਉਂਕਿ ਇਸ ਮਨਮਤੀ ਡੇਰੇ ਦੀ ਪੂਰੀ ਪ੍ਰਬੰਧਕੀ ਕਮੇਟੀ ਸਾਬਕਾ ਕਰਨਲਾਂ, ਬ੍ਰਿਗੇਡੀਅਰਾਂ, ਸੰਧੂਆਂ ਅਤੇ ਬਰਾੜਾਂ ਦਾ ਸਰਗਰਮ ਅੱਡਾ ਹੈ। ਅਜਿਹੇ ਵੱਡੇ ਰੁਤਬਿਆਂ ਵਾਲੇ ਗੈਂਗ ਦੀ ਪ੍ਰਿਸ਼ਟਭੂਮੀ ਪੰਥ ਵਿਰੋਧੀ ਵੱਡੀਆਂ ਸਾਜਸ਼ਾਂ ਦੀ ਉਪਜ ਜਾਪਦੀ ਹੈ। ਕਿਉਂਕਿ ਬੰਗਲਾਦੇਸ਼ ਦੇ ਹੀਰੋ ਜਨਰਲ ਜਗਜੀਤ ਸਿੰਘ ਅਰੋੜਾ ਨੂੰ ਸਰਕਾਰ ਵੱਲੋਂ ਜ਼ੀਰੋ ਕਰਨ ਤੋਂ ਬਾਅਦ ਆਰ.ਐਸ.ਐਸ. ਨੇ ਉਨ੍ਹਾਂ ਨੂੰ ਕਥਿਤ ਰਾਸ਼ਟਰੀ ਸਿੱਖ ਸੰਗਤ ਦਾ ਮੈਂਬਰ ਨਾਮਜ਼ਦ ਕਰ ਲਿਆ ਸੀ। ਇਸ ਵਾਸਤੇ ਇਸ ਗੁਰਦਵਾਰੇ ਦੇ ਕਮੇਟੀ ਮੈਂਬਰ ਸਾਨੂੰ ਅਜਿਹੇ ਹੀ ਕਿਸੇ ਪੰਥ ਵਿਰੋਧੀ ਜਾਲ ਦੇ ਕਬੂਤਰ ਲਗਦੇ ਹਨ।

ਬੇਸ਼ੱਕ ਮਨਵਿੰਦਰ ਸਿੰਘ ਗਿਆਸਪੁਰਾ ਦਾ ਚੰਡੀਗੜ੍ਹ ਵਿੱਚ ਆਪਣਾ ਕੋਈ ਆਧਾਰ ਨਹੀਂ ਸੀ ਪਰ ਸੈਕਟਰ 39 ਦੇ ਇਸ ਗੁਰਦਵਾਰੇ ਦਾ ਮੁੱਦਾ ਹੀ ਗਿਆਸਪੁਰਾ ਲਈ ਇੱਕ ਮਜ਼ਬੂਤ ਆਧਾਰ ਬਣ ਗਿਆ ਅਤੇ ਇਸੇ ਮੁੱਦੇ ਤੇ ਦੋਹਾ ਧਿਰਾਂ ਵਿਚਕਾਰ ਸੌਦੇਬਾਜੀ ਹੋਈ। ਅਗਰ ਮਨਵਿੰਦਰ ਸਿੰਘ ਪੰਥਕ ਹਿੱਤਾਂ ਨੂੰ ਮੁੱਖ ਰੱਖ ਕੇ ਮਜ਼ਬੂਤੀ ਨਾਲ ਖੜ੍ਹਾ ਰਹਿੰਦਾ ਤਾਂ ਸਿੱਧੂਐਂਡ ਪਾਰਟੀ ਨੂੰ ਇਸ ਗੁਰਦਵਾਰੇ ’ਚ ਸੁਧਾਰ ਕਰਨ ਲਈ ਮਜਬੂਰ ਹੋਣਾ ਪੈਣਾ ਸੀ। ਇਸ ਤੋਂ ਇਲਾਵਾ ਚੰਡੀਗੜ੍ਹ ਤੋਂ ਚੋਣ ਲੜ ਰਹੇ ਸਾਰੇ ਹੀ ਉਮੀਦਵਾਰ ਇਸ ਅਪਰਾਧ ਲਈ ਜ਼ਿੰਮੇਵਾਰ ਹਨ ਪਰ ਮਨਵਿੰਦਰ ਸਿੰਘ ਗਿਆਸਪੁਰਾ ਨੇ ਪੰਥਕ ਹਿੱਤਾਂ ਨਾਲੋਂ ਨਿਜੀ ਗਰਜਾਂ ਨੂੰ ਮੁੱਖ ਰੱਖ ਕੇ ਗੁਰਨਾਮ ਸਿੰਘ ਸਿੱਧੂਨਾਲ ਗੁਪਤ ਸਮਝੌਤਾ ਕੀਤਾ ਅਤੇ ਆਪਣੇ ਮੋਬਾਈਲ ਫੋਨ ਦਾ ਸਵਿੱਚ ਬੰਦ ਕਰਕੇ ਇਹ ਨਵਾਂ ਪੰਥਕ ਉਮੀਦਵਾਰ ਰਮਤੇ ਗਾਇਕ ਵਾਂਗ ਪੰਥ ਦੀ ਬਰਬਾਦੀ ਦੇ ਗੀਤ ਗਾਉਂਦਾ ਹੋਇਆ ਵਾਪਸ ਲੁਧਿਆਣੇ ਪਹੁੰਚ ਗਿਆ। ਇਸ ਲੇਖ ਵਿੱਚ ਇਸ ਘਟਨਾ ਦਾ ਤੱਤਸਾਰ ਸਿਰਫ ਇੰਨਾ ਹੀ ਹੈ ਕਿ ਰੌਂਗਟੇ ਖੜ੍ਹੇ ਕਰ ਦੇਣ ਵਾਲੇ ਪੰਥਕ ਮੁੱਦੇ ਕਿਵੇਂ ਕੁੱਝ ਸ਼ਾਤਰ ਦਿਮਾਗ ਲੋਕਾਂ ਦੀ ਕਮਾਈ ਦਾ ਸਾਧਨ ਬਣ ਜਾਂਦੇ ਹਨ। ਇਨ੍ਹਾਂ ਮੁੱਦਿਆਂ ਦੇ ਮੁਦਈਆਂ ਦੇ ਭੇਦ ਖੋਲਣ ਵਾਲਾ ਵਿਅਕਤੀ ਅਣਜਾਣ ਹਲਕਿਆਂ ਵਿੱਚ ਤਾਂ ਖੁਦ ਹੀ ਸਨਕੀ ਜਾਂ ਕਾਫਰ ਸਮਝਿਆ ਜਾਵੇਗਾ। ਪੰਥਕ ਮੁੱਦਿਆਂ ਦੀ ਬੋਲੀ 1947 ਤੋਂ ਪਹਿਲਾਂ ਹੀ ਲਗਣੀ ਸ਼ੁਰੂਹੋ ਗਈ ਸੀ। ਸਭ ਤੋਂ ਪਹਿਲੇ ਇਹ ਬੋਲੀ ਨਹਿਰੂ ਦੇ ਨਜ਼ਦੀਕੀ ਸਾਥੀ ਬਲਦੇਵ ਸਿੰਘ ਨੇ ਦਿੱਤੀ ਸੀ ਅਤੇ 1984 ਤੋਂ ਬਾਅਦ ਤਾਂ ਪੰਥਕ ਮੁੱਦਿਆਂ ਦੀ ਵਿਕਰੀ ਸਾਰੀਆਂ ਹੱਦਬੰਦੀਆਂ ਟੱਪ ਕੇ ਪੰਥ ਦੀ ਪੱਗ ਅਤੇ ਦਾਹੜੀ ਤੱਕ ਵੀ ਅੱਪੜ ਚੁੱਕੀ ਹੈ। ਇਸੇ ਹੀ ਸਿਲਸਿਲੇ ਦੇ ਚਲਦਿਆਂ ਸੁਪਰੀਮ ਕੋਰਟ ਦੇ ਮਸ਼ਹੂਰ ਵਕੀਲ ਸ. ਹਰਵਿੰਦਰ ਸਿੰਘ ਜੀ ਫੂਲਕਾ ਪੰਥਕ ਨੁਮਾਇੰਦਿਆਂ ਦੇ ਵੱਡੇ ਲਾਮ ਲਸ਼ਕਰ ਨਾਲ ਪੰਜਾਬ ਸਮੇਤ ਚੋਣ ਹਲਕਿਆਂ ਦੀ ਧੂੜ ਫੱਕ ਰਹੇ ਹਨ। ਉਪਰੀ ਨਜ਼ਰੇ ਵੇਖਣ ਨੂੰ ਇਸ ਤਾਲਮੇਲ ਕਮੇਟੀ ਦਾ ਨਸ਼ਾ ਰੋਕੋ ਮੁੱਦਾ ਠੀਕ ਹੈ ਪਰ ਗੁਪਤ ਮਸਲਾ ਕੁੱਝ ਹੋਰ ਹੈ। ਦਰਅਸਲ ਫੂਲਕਾ ਜੀ ਵੱਲੋਂ ਭਾਜਪਾ ਨਾਲ ਆੜੀਆਂ ਪੁਗਾਉਣ ਦੀ ਖਾਤਰ ਬਾਦਲ ਦਲ ਨੂੰ ਜੇਤੂਉਮੀਦਵਾਰ ਦੇ ਤੌਰ ’ਤੇ ਉਭਾਰਨ ਲਈ ਹਰ ਹਲਕੇ ਦਾ ਬਹਾਨੇ ਨਾਲ ਜਾਇਜ਼ਾ ਲਿਆ ਜਾ ਰਿਹਾ ਹੈ। ਗੁਪਤ ਸੂਚਨਾਵਾਂ ਅਨੁਸਾਰ ਤਾਂ ਫੂਲਕਾ ਐਂਡ ਪਾਰਟੀ ਵੱਲੋਂ ਵਿਚੋਲਿਆਂ ਨੂੰ ਚੰਡੀਗੜ੍ਹ ਤੋਂ ਉਮੀਦਵਾਰ ਬੀਬੀ ਹਰਜਿੰਦਰ ਕੌਰ ਦੇ ਹੱਕ ’ਚ ਭੁਗਤਣ ਲਈ ਹਦਾਇਤਾਂ ਆ ਚੁੱਕੀਆਂ ਹਨ। ਅਗਰ ਫੂਲਕਾ ਦਲ ਵਾਕਿਆ ਹੀ ਨਸ਼ਿਆਂ ਦੇ ਵਿਰੁੱਧ ਇੰਨੀ ਭਾਰੀ ਗਰਮੀ ਦੀ ਰੁੱਤੇ ਦੌਰੇ ਤੇ ਸੰਘਰਸ਼ ਕਰਨ ਲਈ ਨਿਕਲਿਆ ਹੈ ਤਾਂ ਸਭ ਤੋਂ ਪਹਿਲਾਂ ਇਸ ਦਲ ਨੂੰ ਬਾਦਲ ਦੀ ਧਾਰਮਿਕ ਅਤੇ ਸੈਕੂਲਰ ਵਰਗੇ ਅਲੱਗ-ਅਲੱਗ ਵਿਧਾਨ ਪੇਸ਼ ਕਰਨ ਵਾਲੀ ਦੋ-ਮੂਹੀ ਪਾਰਟੀ ਨੂੰ ਅਸਿੱਧੇ ਤੌਰ ’ਤੇ ਸਿੱਧਾ ਸ਼੍ਰੋਮਣੀ ਕਮੇਟੀ ’ਤੇ ਕਬਜ਼ਾ ਕਰਨ ਤੋਂ ਸਭ ਤੋਂ ਪਹਿਲੇ ਰੋਕਣ ਦਾ ਹੱਕ ਹੈ। ਇਸ ਤੋਂ ਇਲਾਵਾ ਤਾਲਮੇਲ ਕਮੇਟੀ ਨੂੰ ਬਾਦਲ ਦਲ ਦੀ ਸਰਕਾਰ ਤੇ ਪੰਜਾਬ ਨੂੰ ਨਸ਼ਿਆਂ ’ਚ ਗਰਕ ਕਰਨ ਦੇ ਦੋਸ਼ ਹੇਠ ਮੁਕੱਦਮੇ ਦਰਜ ਕਰਵਾਉਣ ਦੇ ਨਾਲ ਪੰਜਾਬ ਵਿਧਾਨ ਸਭਾ ਨੂੰ ਭੰਗ ਕਰਵਾਉਣ ਲਈ ਉਪਰਾਲਾ ਕਰਨਾ ਚਾਹੀਦਾ ਸੀ। ਜਿਸ ਸਰਕਾਰ ਦੀਆਂ ਹਦਾਇਤਾਂ ਤੇ ਪੰਜਾਬ ਦੇ ਹਰ ਗਲੀ-ਮੁਹੱਲੇ ਵਿੱਚ ਸ਼ਰਾਬ ਦੇ ਠੇਕੇ ਅਤੇ ਸਮੈਕ ਦੇ ਅੱਡੇ ਖੁੱਲੇਆਮ ਚਲਦੇ ਹਨ। ਜਦਕਿ ਪੰਜਾਬ ਸਮੇਤ ਮੁਲਕ ਵਿੱਚ ਸਮੈਕ ਵਰਗੇ ਨਸ਼ਿਆਂ ’ਤੇ ਮੁਕੰਮਲ ਪਾਬੰਦੀ ਦੇ ਨਾਲ ਸ਼ਰਾਬ ਦਾ ਕੋਟਾ ਰੱਖਿਆ ਜਾਣਾ ਚਾਹੀਦਾ ਹੈ। ਨੈਤਿਕ ਆਧਾਰ ਤੇ ਤਾਂ ਉਸ ਸਰਕਾਰ ਨੂੰ ਬਣੀ ਰਹਿਣ ਦਾ ਅਧਿਕਾਰ ਹੀ ਨਹੀਂ ਹੋਣਾ ਚਾਹੀਦਾ ਹੈ ਜੋ ਸ਼ਰਾਬ ਵਰਗੀ ਹਲਕੀ ਜ਼ਹਿਰ ਅਤੇ ਸਰੀਰ ਲਈ ਹਾਨੀਕਾਰਕ ਅਤੇ ਹੋਰ ਪਾਬੰਦੀਸ਼ੁਦਾ ਨਸ਼ਿਆਂ ਨੂੰ ਆਪਣੀ ਆਮਦਨ ਦਾ ਸਰੋਤ ਬਣਾਉਂਦੀ ਹੈ। ਇਸ ਤੋਂ ਇਲਾਵਾ ਅਸੀਂ ਆਪਣੇ ਗੁਰੂਸਵਾਰੇ ਵੋਟਰਾਂ ਨੂੰ ਸੰਕੇਤਕ ਰੂਪ ’ਚ ਇੰਨਾ ਹੀ ਕਹਾਂਗੇ ਕਿ ਹਾਈਕੋਰਟ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਸਿੱਖ ਕੌਮ ਨੂੰ ਇਨਸਾਫ ਦੇਣ ’ਚ ਕੰਜੂਸੀ ਸਿਰਫ ਸਬੰਧਤ ਸਰਕਾਰ ਜਾਂ ਨਿਆਂਪਾਲਕਾਂਵਾਂ ਨੇ ਹੀ ਨਹੀਂ ਕੀਤੀ। ਬਲਕਿ ਸਿੱਖ ਮੁੱਦਿਆਂ ’ਤੇ ਵਕਾਲਤ ਕਰਨ ਵਾਲੇ ਬਹੁਤੇ ਵਕੀਲ ਸਹਿਬਾਨਾਂ ਦੀ ਭੂਮਿਕਾ ਵੀ ਸ਼ੱਕੀ ਰਹੀ ਹੈ ਕਿਉਂਕਿ ਜੁਡੀਸ਼ਰੀ ਵਾਂਗ ਵਕੀਲ ਸਾਹਿਬਾਨ ਵੀ ਸਿਆਸੀ ਧੜੇਬੰਦੀ ਦੇ ਨਾਲ ਪੰਥਕ ਮੁੱਦਿਆਂ ਨੂੰ ਕਮਾਈ ਦਾ ਸਾਧਨ ਸਮਝਦੇ ਰਹੇ ਹਨ ਅਤੇ ਅੱਜ ਤੱਕ ਸਾਰੀ ਮਾਰ ਗਰੀਬ ਸਿੱਖਾਂ ਨੂੰ ਪਈ ਹੈ। ਜਿਨ੍ਹਾਂ ਦਾ ਆਪਣਾਂ ਕੋਈ ਮਜ਼ਬੂਤ ਧੜਾ ਨਹੀਂ ਸੀ। ਅਗਰ ਸਿੱਖ ਕੌਮ ਨਾਲ ਹੋਈ ਬੇਇਨਸਾਫੀ ਦੇ ਵਿਰੁੱਧ ਵਕੀਲ ਸਹਿਬਾਨ ਹੀ ਖੁਦਗਰਜ਼ੀ ਅਤੇ ਧੜੇਬੰਦੀ ਤੋਂ ਉੱਪਰ ਉਠ ਕੇ ਖੜੇ ਹੋ ਜਾਂਦੇ ਤਾਂ ਇਨਸਾਫ ਕਿਸੇ ਦੇ ਪਿਉ ਦੀ ਜਾਗੀਰ ਬਣ ਕੇ ਨਾ ਰਹਿ ਜਾਂਦਾ।

ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸੱਤ ਸਾਲ ਬਾਅਦ ਉਹ ਵੀ ਪੰਜਾਬ ਵਿਧਾਨ ਸਭਾ ਚੋਣਾਂ ਤੋਂ 4 ਮਹੀਨੇ ਪਹਿਲਾਂ ਕਰਵਾਏ ਜਾਣ ਦਾ ਸਿੱਧਾ ਭਾਵ-ਅਰਥ ਹੈ ਕਿ ਸੈਂਟਰ ਦੀ ਕਾਂਗਰਸ ਸਰਕਾਰ ਵੀ ਨਹੀਂ ਚਾਹੁੰਦੀ ਕਿ ਬਾਦਲ ਵਰਗਾ ਦੋ-ਮੂੰਹਾਂ ਸੱਪ ਸਿੱਖਾਂ ਦੇ ਗੱਲੋ ਲੱਥੇ। ਬੇਸ਼ੱਕ ਬਾਦਲ ਪਿਉ-ਪੁੱਤਾਂ ਦੀ ਜੋੜੀ ਕਾਂਗਰਸ ਸਰਕਾਰ ਨੂੰ ਹਰ ਸਟੇਜ ਤੇ ਪਾਣੀ ਪੀ-ਪੀ ਕੇ ਭੰਡਦੀ ਹੈ ਅਤੇ ਬਾਦਲਾਂ ਦਾ ਹਰ ਵਾਰ ਇਹੀ ਕਹਿਣਾ ਹੁੰਦਾ ਹੈ ਕਿ ਉਹ ਕਾਂਗਰਸ ਨੂੰ ਸ਼੍ਰੋਮਣੀ ਕਮੇਟੀ 'ਤੇ ਕਬਜ਼ਾ ਨਹੀਂ ਕਰਨ ਦੇਣਗੇ। ਇਹ ਕਿਹੋ-ਜਿਹਾ ਹਾਸੋਹੀਣਾ ਅਤੇ ਰੱਟਿਆ ਰਟਾਇਆ ਮੰਤਰ ਹੈ ਕਿਉਂਕਿ ਜਿਨ੍ਹਾਂ ਸਿੱਖ ਸੰਸਥਾਵਾਂ ਵਿੱਚ ਬਾਦਲ ਦਲ ਦਾ ਪੱਲਾ ਫੜ ਕੇ ਆਰ.ਐਸ.ਐਸ. ਦੀ ਪੈਦਾਵਾਰ ਭਾਜਪਾ ਜਾ ਸਕਦੀ ਹੈ, ਉਨ੍ਹਾਂ ਅਦਾਰਿਆਂ ਵਿੱਚ ਆਰ.ਐਸ.ਐਸ. ਦੀ ਦੂਜੀ ਸੰਤਾਨ ਕਾਂਗਰਸ ਕਿਉਂ ਨਹੀਂ ਜਾ ਸਕਦੀ? ਬਾਦਲ ਦਲ ਦੇ ਇਸ ਵਾਦ-ਵਿਵਾਦ ਨਾਲ ਤਾਂ ਸਿੱਖਾਂ ਦਾ ਕੋਈ ਲੈਣਾ ਦੇਣਾ ਨਹੀਂ ਹੈ ਕਿਉਂਕਿ ਬਾਦਲ ਦਾ ਭਾਜਪਾ ਨਾਲ ਵਿਆਹ ਹੋ ਚੁੱਕਾ ਹੈ ਅਤੇ ਕਾਂਗਰਸ ਨਾਲ ਉਸ ਦੀ ਆਪਣੀ ਸ਼ਰੀਕੇਬਾਜੀ ਹੈ। ਸਿੱਖਾਂ ਲਈ ਤਾਂ ਭਾਜਪਾ ਅਤੇ ਕਾਂਗਰਸ ਦਾ ਸਿੱਖ ਸੰਸਥਾਵਾਂ 'ਤੇ ਕਬਜ਼ਾ ਹੋਣਾ ਇੱਕੋ ਜਿੰਨਾ ਹੀ ਦੁਖਦਾਈ ਹੈ। ਬਾਦਲ ਵਰਗੇ ਇਖਲਾਕ ਵਿਹੂਣੇ ਵਿਅਕਤੀ ਨੇ ਸਿੱਖ ਕੌਮ ਦੀ ਇੱਜ਼ਤ ਨੂੰ ਤੱਕੜੀ 'ਚ ਤੋਲ-ਤੋਲ ਕੇ ਵੇਚਿਆ ਹੈ ਅਤੇ ਹੁਣ ਉਹੀ ਬਾਦਲ ਟਰੈਕਟਰ ਲੈ ਕੇ ਸਿੱਖੀ ਦੇ ਬਾਗ 'ਚ ਖੜੇ ਰਹਿ ਗਏ ਟਾਂਵੇ-ਟਾਂਵੇ ਫੁੱਲਾਂ ਨੂੰ ਭਾਜਪਾ ਦੀ ਮਦਦ ਨਾਲ ਵਾਹੁਣ ਲਈ ਆ ਗਿਆ ਹੈ ਪਰ ਦਸਮੇਸ਼ ਪਿਤਾ ਦੇ ਪੁੱਤਰੋ-ਧੀਉ ਹੁਣ ਤੁਹਾਡਾ ਫਰਜ਼ ਬਣਦਾ ਹੈ ਕਿ ਤੁਸੀਂ 18 ਸਤੰਬਰ 2011 ਨੂੰ ਇਤਿਹਾਸਕ ਤਾਰੀਖ 'ਚ ਬਦਲਦੇ ਹੋਏ ਪੂਰੇ ਸਿੱਖ ਜਜ਼ਬੇ ਨਾਲ ਹੰਭਲਾ ਮਾਰ ਕੇ ਬਾਦਲ ਜੁੰਡਲੀ ਦਾ ਸਮਾਨ ਬਾਦਲ ਵੱਲੋਂ ਭੇਜੇ ਟਰੈਕਟਰਾਂ-ਟਰਾਲੀਆਂ 'ਤੇ ਲੱਦ ਕੇ ਨਾਗਪੁਰ ਬਾਦਲ ਦੀ ਸੱਸ ਦੇ ਘਰ ਭੇਜ ਦਿਉ ਅਤੇ ਇਸ ਦੇ ਨਾਲ ਹੀ ਬਾਦਲ ਦੇ ਹੇਜਲੇ ਨਰਿੰਦਰ ਸ਼ਰਮਾ ਨੂੰ ਜਾਂ ਤਾਂ ਪੱਕਾ ਹਿੰਦੂਬਣਾ ਦਿਉ ਜਾਂ ਫਿਰ ਪੱਕਾ ਸਿੱਖ। ਕਿਉਂਕਿ ਦੋਗਲੀ ਨਸਲ ਦੇ ਲੋਕ ਸਿੱਖ ਧਰਮ ਦੇ ਨਾਲ ਦੇਸ਼ ਅਤੇ ਹੋਰ ਸਮਾਜ ਲਈ ਵੀ ਘਾਤਕ ਹੁੰਦੇ ਹਨ। ਇਸ ਤੋਂ ਇਲਾਵਾ ਬੇਨਤੀ ਹੈ ਕਿ ਪੰਥਕ ਮੋਰਚੇ ਦੇ ਉਮੀਦਵਾਰਾਂ ਦਾ ਵੀ ਵਿਅਕਤੀਗਤ ਕਿਰਦਾਰ ਵੇਖ ਕੇ ਵੋਟ ਪਾਉਣੀ ਜੀ। ਕਿਉਂਕਿ ਪੰਥਕ ਮੋਰਚੇ ਦੇ ਸਤਨਾਜ਼ੇ ਵਿੱਚ ਵੀ ਸਿੱਖਾਂ ਦੇ ਸਾਬਕਾ ਕਾਤਲ ਬਰਨਾਲੇ ਵਰਗੇ ਮੌਜੂਦ ਹਨ ਅਤੇ ਲਹੂ-ਲੁਹਾਣ ਹੋਈ ਸਿੱਖ ਕੌਮ ਦੀ ਪਿੱਠ 'ਚ ਛੁਰਾ ਮਾਰਨ ਵਾਲਾ ਹਰਚੰਦ ਸਿੰਘ ਲੋਂਗੋਵਾਲ ਜਿਨ੍ਹਾਂ ਦਾ ਘਰੇਲੂਸ਼ਹੀਦ ਹੈ। ਜਿਵੇਂ ਕਾਂਗਰਸ ਦਾ ਸ਼ਹੀਦ ਹੈ ਬਿਅੰਤ ਸਿਹੁੰ ਬੁੱਚੜ ਜਦਕਿ ਸ਼ਹੀਦ ਕਿਸੇ ਜਥੇਬੰਦੀ ਜਾਂ ਸਰਕਾਰੀ ਧੜੇ ਦੇ ਨਹੀਂ ਹੁੰਦੇ ਅਤੇ ਕਿਸੇ ਵੀ ਮਹਾਨ ਪ੍ਰਾਕਰਮੀ ਨੂੰ ਸ਼ਹੀਦ ਦੀ ਉਪਾਧੀ ਦੇਣ ਦਾ ਪੈਮਾਨਾ ਸਿਰਫ ਸ਼ਹੀਦ ਦੀ ਸਬੰਧਤ ਕੌਮ ਕੋਲ ਹੁੰਦਾ ਹੈ।

ਅਸੀਂ ਆਪਣੇ ਇਲਾਕੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜੋ ਇਸਤਰੀ ਪੁਰਖ ਲਈ ਸਾਂਝੀ ਸੀਟ ਹੈ, ਤੋਂ ਆਜ਼ਾਦ ਉਮੀਦਵਾਰ ਅਤੇ ਦੋ ਵਾਰ ਸ਼੍ਰੋਮਣੀ ਕਮੇਟੀ ਮੈਂਬਰ ਰਹਿ ਚੁੱਕੇ ਸ. ਹਰਦੀਪ ਸਿੰਘ ਨੂੰ ਪੰਥਕ ਉਮੀਦਵਾਰ ਵਜੋਂ ਸਮਰਥਨ ਦੇਣ ਦਾ ਫੈਸਲਾ ਲਿਆ ਹੈ। ਇਹ ਫੈਸਲਾ ਪੂਰੀ ਤਰ੍ਹਾਂ ਸੁਚੇਤ ਸਿੱਖ ਸੰਗਤਾਂ ਵੱਲੋਂ ਲਿਆ ਗਿਆ ਹੈ ਕਿਉਂਕਿ ਸ. ਹਰਦੀਪ ਸਿੰਘ ਨੇ ਕਈ ਵਾਰ ਬਹੁਤ ਹੀ ਨਾਜ਼ੁਕ ਦੌਰ ਵਿੱਚ ਸਿੱਖ ਪੰਥ ਦੀ ਹੋਂਦ ਅਤੇ ਹਸਤੀ ਨਾਲ ਜੁੜੇ ਕੁੱਝ ਪੰਥਕ ਮੁੱਦਿਆਂ ਨੂੰ ਉਭਾਰਿਆ ਅਤੇ ਉਨ੍ਹਾਂ ਦੇ ਹੱਲ ਵਾਸਤੇ ਆਵਾਜ਼ ਬੁਲੰਦ ਕੀਤੀ ਹੈ। ਇਸ ਤੋਂ ਇਲਾਵਾ ਸੁਚੇਤ ਸਿੱਖ ਸੰਗਤ ਵੱਲੋਂ ਬੀਬੀ ਹਰਵਿੰਦਰ ਕੌਰ ਦੇ ਹੱਕ ਵਿੱਚ ਭੁਗਤਣ ਦਾ ਫੈਸਲਾ ਸਰਬਸੰਮਤੀ ਨਾਲ ਲਿਆ ਗਿਆ ਹੈ, ਜੋ ਬੇਸ਼ੱਕ ਪੰਥਕ ਮੋਰਚੇ ਦੇ ਉਮੀਦਵਾਰ ਹਨ ਪਰ ਐਸ.ਏ.ਐਸ. ਨਗਰ ਦੀਆਂ ਪੰਥਕ ਸੋਚ ਵਾਲੀਆਂ ਸੰਗਤਾਂ ਨੇ ਇਹ ਫੈਸਲਾ ਆਪਣੇ ਤੌਰ 'ਤੇ ਲਿਆ ਹੈ। ਬੇਸ਼ੱਕ ਬੀਬੀ ਹਰਵਿੰਦਰ ਕੌਰ ਪੰਥਕ ਹਲਕਿਆਂ 'ਚ ਨਵੇਂ ਹਨ ਪਰ ਉਹ ਬਹੁਤ ਹੀ ਸਾਊਅਤੇ ਪੰਥਕ ਪਰਿਵਾਰ ਨਾਲ ਸਬੰਧ ਰੱਖਦੇ ਹਨ। ਇਸ ਤੋਂ ਇਲਾਵਾ ਅਸੀਂ ਬੀਬੀ ਜੀ ਤੋਂ ਭਵਿੱਖ ਵਿੱਚ ਇਹ ਆਸ ਜ਼ਰੂਰ ਰੱਖਦੇ ਹਾਂ ਕਿ ਉਹ ਜਾਤ-ਪ੍ਰਥਾ ਨਾਲ ਜੋੜੇ ਗਏ ਗੁਰਦੁਆਰਿਆਂ ਦੀ ਪ੍ਰਤੀਨਿਧਤਾ ਛੱਡ ਕੇ ਪੰਥ ਵਿੱਚ ਏਕਤਾ ਦੇ ਪ੍ਰਤੀਕ ਸਿੰਘ ਸਭਾ ਗੁਰਦੁਆਰਿਆਂ ਲਈ ਲਹਿਰ ਖੜੀ ਕਰਨ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਉਣਗੇ। ਖਾਲਸਾ ਪੰਥ ਵਿੱਚ ਦੋ ਤਰ੍ਹਾਂ ਦੇ ਗੁਰਦੁਆਰੇ ਹੀ ਪੰਥ ਪ੍ਰਵਾਨਤ ਹਨ, ਇਹਿਤਿਹਾਸਕ ਅਤੇ ਸਿੰਘ ਸਭਾ, ਇਸ ਤੋਂ ਇਲਾਵਾ ਭਗਤ ਸ਼੍ਰੇਣੀ ਦਾ ਹਰ ਗੁਰਦੁਆਰੇ 'ਚ ਅਣਐਲਾਨਿਆ ਹਿੱਸਾ ਹੈ ਕਿਉਂਕਿ ਭਗਤ ਸ਼੍ਰੇਣੀ ਦੀ ਅੰਮ੍ਰਿਤਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਉਪਰੋਕਤ ਉਮੀਦਵਾਰਾਂ ਦੇ ਹੱਕ 'ਚ ਪੰਥਕ ਫੈਸਲਾ ਬਾਦਲ ਅਤੇ ਸਾਧ ਜੁੰਡਲੀ ਦੇ ਸਾਂਝੇ ਹਮਲੇ ਤੋਂ ਸਿੱਖ ਧਰਮ ਨੂੰ ਬਚਾਉਣ ਲਈ ਲਿਆ ਗਿਆ ਹੈ। ਅਗਰ ਬਾਦਲ ਐਂਡ ਸਾਧ ਧੜਾ ਸ਼੍ਰੋਮਣੀ ਕਮੇਟੀ ਤੇ ਕਾਬਜ਼ ਹੁੰਦਾ ਹੈ ਤਾਂ ਸਿੱਖ ਕੌਮ ਦੀ ਵੱਖਰੀ ਅਤੇ ਆਜ਼ਾਦ ਹਸਤੀ ਦੇ ਪ੍ਰਤੀਕ ਨਾਨਕਸ਼ਾਹੀ ਕੈਲੰਡਰ ਵਾਂਗ ਇਸ ਵਾਰ ਪੰਥਕ ਰਹਿਤ ਮਰਿਆਦਾ ਦਾ ਵੀ ਕਤਲ ਕਰ ਦਿੱਤਾ ਜਾਵੇਗਾ। ਸਤਿਕਾਰਯੋਗ ਸਿੱਖ ਵੋਟਰੋ ਪੰਥਕ ਰਹਿਤ ਮਰਿਆਦਾ ਹੀ ਇਸ ਵਕਤ ਸਾਡਾ ਕਵਚ ਕੋਟ ਹੈ। ਅੰਤ ਵਿੱਚ ਦਸਮੇਸ਼ ਪਿਤਾ ਦਾ ਵਾਸਤਾ ਹੈ ਕਿ ਤੁਸੀਂ ਸੂਰਮਿਆਂ ਵਾਂਗ ਪੰਥ ਦੇ ਹਿੱਤਾਂ 'ਚ ਭੁਗਤ ਜਾਉ, ਸਮਝ ਲਵੋ ਕਿ ਅਸੀਂ ਇਸ ਵਕਤ ਭੰਗਾਣੀ ਦੇ ਯੁੱਧ ਵਿੱਚ ਖੜੇ ਹਾਂ ਜਾਂ ਆਨੰਦਗੜ੍ਹ ਦੇ ਕਿਲ੍ਹੇ ਵਿੱਚ, ਜਿਸ ਨੂੰ ਬਾਈਧਾਰ ਦੀ ਫੌਜ ਅਤੇ ਮਸਤ ਹਾਥੀ ਤੋਂ ਬਚਾਉਣ ਦੀ ਜ਼ਿੰਮੇਵਾਰੀ ਅੱਜ ਸਾਡੀ ਹੈ ਇਹ ਵੀ ਯਾਦ ਰਹੇ ਕਿ ਸ਼੍ਰੋਮਣੀ ਕਮੇਟੀ ਦੀਆਂ ਇਹ ਚੋਣਾਂ ਆਖ਼ਰੀ ਵਾਰ ਹੋ ਰਹੀਆਂ ਹਨ। ਇਸਤੋਂ ਬਾਅਦ ਵੋਟ ਪ੍ਰਕਿਰਿਆ ਰਾਹੀਂ ਚੁਣੀ ਜਾਣ ਵਾਲੀ ਸ਼੍ਰੋਮਣੀ ਕਮੇਟੀ ਤੋਂ ਵਿਸ਼ਵ ਪੱਧਰ ਤੇ ਸਿੱਖ ਸੰਗਤਾਂ ਦੇ ਯਤਨ ਨਾਲ ਗੁਰਮਤਿ ਦੇ ਵਿਚਾਰ ਮੰਚ ਗੁਰਦੁਆਰੇ ਆਜਾਦ ਕਰਵਾਕੇ ਪੰਥਕ ਤੌਰ 'ਤੇ ਸਾਂਝੇ ਗੁਰਮਤੇ ਨਾਲ ਪ੍ਰਬੰਧਕੀ ਕਮੇਟੀ ਬਣਾਉਣ ਲਈ ਬਦਲਵਾਂ ਪ੍ਰਬੰਧ ਕੀਤਾ ਜਾਵੇਗਾ।

ਤਸਦੀਕ ਕਰਤਾ
ਬਚਿੱਤਰ ਸਿੰਘ ਆਹਲੂਵਾਲੀਆ
ਜਨਰਲ ਸਕੱਤਰ, ਜਾਂਬਾਜ਼ ਫੋਰਸ
09646594232

ਲੇਖਕ
ਸੁਰਿੰਦਰ ਕੌਰ ਨਿਹਾਲ
ਚੇਅਰ ਪਰਸਨ ਜਾਂਬਾਜ਼ ਫੋਰਸ,
09780286489, 09041667939

Email : jannbaazforce@yahoo.com, nihil1958@ymail.com, Website : www.jaanbaazforce.in
ਦਰਬਾਰੇ-ਏ-ਖਾਲਸਾ ਖ਼ਬਰ ਨਾਮਾ ਦੀ ਰਿਪੋਰਟ